**ਭਾਈਚਾਰੇ ਲਈ ਜੰਗਲੀ ਅੱਗ ਤੋਂ ਸੁਰੱਖਿਆ ਦਾ ਪ੍ਰੋਗਰਾਮ**
**ਲੰਮੀ ਕਿਸਮ ਵਾਲੀ ਵੀਡੀਓ ਸਕ੍ਰਿਪਟ - ਜਨਤਕ ਸਲਾਮਤੀ ਲਈ ਬਿਜਲੀ ਕੱਟ ਕੀ ਹੈ?**

ਕਿਉਂਕਿ ਕੈਲੀਫੋਰਨੀਆ ਵਿੱਚ ਜੰਗਲੀ ਅੱਗ ਲੱਗਣ ਦਾ ਖ਼ਤਰਾ ਵਧ ਰਿਹਾ ਹੈ, PG&E ਆਪਣੇ ਸੇਵਾ ਖੇਤਰ ਵਿੱਚ ਜੰਗਲੀ ਅੱਗ ਦੇ ਖਤਰਿਆਂ ਨੂੰ ਘਟਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ ਸੁਧਾਰ ਕਰ ਰਹੀ ਹੈ ਅਤੇ ਇਹਨਾਂ ਦਾ ਵਿਸਤਾਰ ਕਰ ਰਹੀ ਹੈ।

ਇਸ ਕਾਰਨ, ਜੇ ਬਹੁਤ ਹੀ ਖਰਾਬ ਮੌਸਮ ਬਿਜਲੀ ਪ੍ਰਣਾਲੀ ਦੇ ਕਿਸੇ ਭਾਗ ਲਈ ਖਤਰਾ ਬਣਦਾ ਹੈ, ਤਾਂ PG&E ਵਾਸਤੇ ਜਨਤਕ ਸਲਾਮਤੀ ਦੇ ਹਿੱਤ ਵਿੱਚ ਬਿਜਲੀ ਸਪਲਾਈ ਬੰਦ ਕਰਨਾ ਜ਼ਰੂਰੀ ਹੋ ਸਕਦਾ ਹੈ। ਇਸਨੂੰ ਜਨਤਕ ਸਲਾਮਤੀ ਲਈ ਬਿਜਲੀ ਕੱਟ (Public Safety Power Shutoff) ਵਜੋਂ ਜਾਣਿਆ ਜਾਂਦਾ ਹੈ।

ਹੁਣ ਸਾਡੇ ਸੇਵਾ ਖੇਤਰ ਦੇ ਦੁੱਗਣੇ ਤੋਂ ਵੱਧ ਇਲਾਕੇ ਨੂੰ ਜੰਗਲੀ ਅੱਗ ਲਈ ਉੱਚ ਜੋਖਮ ਵਾਲੇ ਇਲਾਕੇ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਇਸ ਕਰਕੇ ਜਨਤਕ ਸਲਾਮਤੀ ਲਈ ਬਿਜਲੀ ਕੱਟ ਗਾਹਕਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਇੱਕ ਮਹੱਤਵਪੂਰਨ ਜ਼ਰੀਆ ਹਨ।

ਅਸੀਂ ਆਪਣੇ ਰੋਜ਼ ਦੇ ਜੀਵਨ ਲਈ ਬਿਜਲੀ ‘ਤੇ ਨਿਰਭਰ ਕਰਦੇ ਹਾਂ ਅਤੇ ਅਸੀਂ ਜੰਗਲੀ ਅੱਗਾਂ ਨੂੰ ਰੋਕ ਸਕਣ ਵਾਲੇ ਹੀਲਿਆਂ ‘ਤੇ ਆਪਣੇ ਗਾਹਕਾਂ ਦੇ ਨਾਲ ਮਿਲ ਕੇ ਕੰਮ ਕਰਨਾ ਚਾਹੁੰਦੇ ਹਾਂ।

2019 ਵਿੱਚ ਬਿਜਲੀ ਕੱਟ ਦੇ ਵਰਤਾਰਿਆਂ ਨੇ ਸਾਡੇ ਕਈ ਗਾਹਕਾਂ ਦੀਆਂ ਜਿੰਦਗੀਆਂ ਵਿੱਚ ਵਿਘਨ ਪਾ ਦਿੱਤਾ ਅਤੇ ਅਸੀਂ ਪਿਛਲੇ ਸਾਲ ਤੋਂ ਸਿੱਖ ਕੇ ਅਤੇ 2020 ਵਿੱਚ ਸੁਧਾਰ ਕਰਨ ਨੂੰ ਲੈ ਕੇ ਵਚਨਬੱਧ ਹਾਂ।

ਇਸ ਲਈ ਇਸ ਸਾਲ ਅਸੀਂ ਵਰਤਾਰਿਆਂ ਦੇ ਦਾਇਰੇ ਨੂੰ ਛੋਟਾ ਕਰਨ, ਉਹਨਾਂ ਦੀ ਸਮਾਂ ਮਿਆਦ ਨੂੰ ਘੱਟ ਕਰਨ ਅਤੇ ਸਾਡੇ ਗਾਹਕਾਂ ਲਈ ਉਹਨਾਂ ਨੂੰ ਵਧੇਰੇ ਚੁਸਤ ਬਣਾਉਣ ਲਈ ਕੰਮ ਕਰ ਰਹੇ ਹਾਂ।

**ਕਿਸ ਕਿਸਮ ਦੇ ਮੌਸਮ ਦਾ ਸਿੱਟਾ PSPS ਦੇ ਰੂਪ ਵਿੱਚ ਨਿਕਲ ਸਕਦਾ ਹੈ?**
ਹਰ ਰੋਜ਼, PG&E ਸੁਰੱਖਿਅਤ ਕਿਰਿਆਵਾਂ ਨੂੰ ਯਕੀਨੀ ਬਣਾਉਣ ਲਈ ਸਾਡੀ ਪ੍ਰਣਾਲੀ ਦੇ ਹਾਲਾਤਾਂ ਦੀ ਨਿਗਰਾਨੀ ਕਰਦੀ ਹੈ, ਜਿਸ ਵਿੱਚ ਸ਼ਾਮਲ ਹੈ ਕੀ ਸਾਨੂੰ ਸਮਾਂ ਰਹਿੰਦਿਆਂ ਸਲਾਮਤੀ ਲਈ ਇੱਕ ਆਖਰੀ ਚਾਰੇ ਵਜੋਂ ਬਿਜਲੀ ਬੰਦ ਕਰਨੀ ਚਾਹੀਦੀ ਹੈ ਜਾਂ ਨਹੀਂ, ਇਸ ਦਾ ਜਾਇਜ਼ਾ ਲੈਣਾ।

PSPS ਵਰਤਾਰਿਆਂ ਦੇ ਇਤਿਹਾਸਕ ਤੌਰ ‘ਤੇ ਵਧੇਰੇ ਖੁਸ਼ਕ ਅਤੇ ਤੇਜ਼ ਹਵਾਵਾਂ ਵਾਲੇ ਗਰਮੀਆਂ ਦੀ ਰੁੱਤ ਦੇ ਆਖਰੀ/ਪੱਤਝੜ ਦੀ ਰੁੱਤ ਦੇ ਸ਼ੁਰੂ ਦੇ ਮਹੀਨਿਆਂ ਵਿੱਚ ਵਾਪਰਨ ਦੀ ਵਧੇਰੇ ਸੰਭਾਵਨਾ ਹੁੰਦੀ ਹੈ।

ਹਾਲਾਂਕਿ ਕੋਈ ਇੱਕ ਕਾਰਕ PSPS ਵਰਤਾਰੇ ਦਾ ਕਾਰਨ ਨਹੀਂ ਬਣੇਗਾ, ਪਰ ਕੁਝ ਕੁ ਕਾਰਕਾਂ ਵਿੱਚ ਇਹ ਸ਼ਾਮਲ ਹਨ:

- ਰੈੱਡ ਫਲੈਗ ਚੇਤਾਵਨੀ,
- ਨਮੀ ਦੇ ਨੀਵੇਂ ਪੱਧਰ,
- ਆਮ ਤੌਰ ‘ਤੇ 25 ਮੀਲ ਪ੍ਰਤੀ ਘੰਟਾ ਤੋਂ ਉੱਪਰ ਇੱਕੋ ਗਤੀ ‘ਤੇ ਚੱਲਣ ਵਾਲੀਆਂ ਹਵਾਵਾਂ ਅਤੇ ਲਗਭਗ 45 ਮੀਲ ਪ੍ਰਤੀ ਘੰਟਾ ਤੋਂ ਉੱਪਰ ਗਤੀ ਵਾਲੇ ਹਵਾ ਦੇ ਝੌਂਕੇ ਦੀ ਭਵਿੱਖਬਾਣੀ,
- ਸੁੱਕੇ ਈਂਧਣ ਦੀਆਂ ਸਥਿਤੀਆਂ ਅਤੇ
- ਜ਼ਮੀਨ ਉੱਤੇ, ਅਸਲ-ਸਮੇਂ ਵਿੱਚ ਕੀਤੇ ਗਏ ਪ੍ਰੀਖਣ

**PG&E ਬਿਜਲੀ ਮੁੜ-ਬਹਾਲ ਕਰਨ ਦੇ ਸਮਿਆਂ ਵਿੱਚ ਕਿਵੇਂ ਸੁਧਾਰ ਕਰ ਰਹੀ ਹੈ?**
ਖਰਾਬ ਮੌਸਮ ਦੇ ਲੰਘ ਜਾਣ ਤੋਂ ਬਾਅਦ ਅਤੇ ਜਦੋਂ ਬਿਜਲੀ ਨੂੰ ਬਹਾਲ ਕਰਨਾ ਸੁਰੱਖਿਅਤ ਹੋਵੇ, ਸਾਡੇ ਕਰਮੀ ਬਿਜਲੀ ਦੀਆਂ ਤਾਰਾਂ ਦੇ ਹਰੇਕ ਮੀਲ ਦੀ ਦੇਖ ਕੇ ਜਾਂਚ ਕਰਨਗੇ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਹੈ ਅਤੇ ਉਹ ਬਿਜਲੀ ਦੇਣ ਲਈ ਸੁਰੱਖਿਅਤ ਹਨ।

ਅਸੀਂ 2019 ਦੀ ਤੁਲਨਾ ਵਿੱਚ ਮੁੜ-ਬਹਾਲੀ ਦੇ ਸਮੇਂ ਨੂੰ ਅੱਧਾ ਕਰਨ ਲਈ ਕੰਮ ਕਰ ਰਹੇ ਹਾਂ ਤਾਂ ਜੋ, ਜਿਆਦਾਤਰ ਮਾਮਲਿਆਂ ਵਿੱਚ, ਬਿਜਲੀ ਖਰਾਬ ਮੌਸਮ ਦੇ ਗੁਜ਼ਰ ਜਾਣ ਤੋਂ ਬਾਅਦ ਦਿਨ ਦੇ 12 ਘੰਟਿਆਂ ਦੇ ਅੰਦਰ ਮੁੜ-ਬਹਾਲ ਕਰ ਦਿੱਤੀ ਜਾਵੇਗੀ।

ਸਾਡੇ ਵੱਲੋਂ ਲਿੱਤੇ ਜਾਣ ਵਾਲੇ ਕਦਮਾਂ ਵਿੱਚ ਸ਼ਾਮਲ ਹਨ:

- ਵਰਤਾਰਿਆਂ ਦੇ ਦੌਰਾਨ ਸਾਡੇ ਵਿਸ਼ੇਸ਼-ਵਰਤੋਂ ਵਾਲੇ ਹੈਲੀਕਾਪਟਰਾਂ ਦੀ ਗਿਣਤੀ 35 ਤੋਂ 65, ਭਾਵ ਕਿ ਲਗਭਗ ਦੁੱਗਣੀ ਕਰਨਾ ਜਿਸ ਨਾਲ ਅਸੀਂ ਵਧੇਰੇ ਤੇਜੀ ਨਾਲ ਤਾਰਾਂ ਦੀ ਜਾਂਚ ਪੂਰੀ ਕਰ ਪਾਵਾਂਗੇ; ਖਾਸ ਕਰਕੇ ਉਹ ਤਾਰਾਂ ਜੋ ਊਬੜ-ਖਾਬੜ ਧਰਾਤਲ ਵਿੱਚੋਂ ਦੀ ਲੰਘਦੀਆਂ ਹਨ।
- ਇਨਫ੍ਰਾਰੈੱਡ ਕੈਮਰਿਆਂ ਵਾਲੇ ਦੋ ਹਵਾਈ ਜਹਾਜ਼ਾਂ ਦੀ ਵਰਤੋਂ ਕਰਨਾ ਜੋ ਰਾਤ ਦੇ ਸਮੇਂ ਟ੍ਰਾਂਸਮਿਸ਼ਨ ਲਾਈਨਾਂ ਦੀ ਜਾਂਚ ਕਰਨ ਦੇ ਸਮਰੱਥ ਹਨ ਅਤੇ
- ਜਾਂਚਾਂ ਨੂੰ ਤੇਜ਼ ਕਰਨ ਲਈ ਹੋਰ ਜ਼ਮੀਨੀ ਕਰਮੀ ਸ਼ਾਮਲ ਕਰਨਾ।

## ਗਾਹਕਾਂ ਅਤੇ ਭਾਈਚਾਰਕ ਭਾਗੀਦਾਰਾਂ ਲਈ ਐਡਵਾਂਸ ਸਚੇਤਨਾਵਾਂ

ਅਸੀਂ PSPS ਵਰਤਾਰਿਆਂ ਦੇ ਬਾਰੇ ਜਲਦੀ ਸੂਚਨਾ ਆਪਣੇ ਅਤੀ-ਜ਼ਰੂਰੀ ਪਹਿਲਾਂ ਪ੍ਰਤਿਕਿਰਿਆ ਕਰਨ ਵਾਲੇ ਭਾਗੀਦਾਰਾਂ, ਜਿਵੇਂ ਕਿ ਅਗਨੀ ਵਿਭਾਗ, ਪੁਲਿਸ ਅਤੇ ਕੈਲੀਫੋਰਨੀਆ ਸੰਕਟਕਾਲ ਸੇਵਾਵਾਂ ਵਿਭਾਗ ਨੂੰ ਦੇ ਰਹੇ ਹਾਂ।

ਸਾਡਾ ਟੀਚਾ ਹੁੰਦਾ ਹੈ ਬਿਜਲੀ ਸਪਲਾਈ ਬੰਦ ਕਰਨ ਤੋਂ ਦੋ ਦਿਨ ਪਹਿਲਾਂ, ਇੱਕ ਦਿਨ ਪਹਿਲਾਂ ਅਤੇ ਬਿਜਲੀ ਸਪਲਾਈ ਬੰਦ ਕਰਨ ਤੋਂ ਐਨ ਪਹਿਲਾਂ ਕਾਲਾਂ, ਲਿਖਤੀ ਸੁਨੇਹਿਆਂ ਅਤੇ ਈਮੇਲਾਂ ਰਾਹੀਂ ਸੂਚਨਾਵਾਂ ਮੁਹੱਈਆ ਕਰਨਾ। ਅਸੀਂ pge.com, ਡਿਜਿਟਲ ਵਿਗਿਆਪਨ ਅਤੇ ਸੋਸ਼ਲ ਮੀਡੀਆ ਚੈਨਲਾਂ ਦੀ ਵੀ ਵਰਤੋਂ ਕਰਾਂਗੇ ਅਤੇ ਸਾਡੇ ਗਾਹਕਾਂ ਤੱਕ ਸੰਦੇਸ਼ ਪਹੁੰਚਾਉਣ ਲਈ ਅਸੀਂ ਸਥਾਨਕ ਸਮਾਚਾਰ ਅਤੇ ਰੇਡੀਓ ਆਉਟਲੈੱਟਾਂ ਦੇ ਨਾਲ ਕੰਮ ਕਰਾਂਗੇ ਤਾਂ ਜੋ ਉਹਨਾਂ ਨੂੰ ਨਵੀਨਤਮ ਜਾਣਕਾਰੀ ਮਿਲਦੀ ਰਹੇ।

ਇੱਕ ਵਾਰ ਖਰਾਬ ਮੌਸਮ ਦੇ ਗੁਜ਼ਰ ਜਾਣ ਦੇ ਬਾਅਦ, ਅਸੀਂ ਮੁੜ-ਬਹਾਲੀ ਦਾ ਅਨੁਮਾਨਿਤ ਸਮਾਂ ਸਾਂਝਾ ਕਰਾਂਗੇ, ਅਤੇ ਤੁਹਾਡੇ ਘਰ ਵਿੱਚ ਬਿਜਲੀ ਮੁੜ-ਬਹਾਲ ਕਰ ਦਿੱਤੇ ਜਾਣ 'ਤੇ ਪੁਸ਼ਟੀ ਕਰਦਾ ਇੱਕ ਸੁਨੇਹਾ ਭੇਜਾਂਗੇ।

ਇਸ ਸਾਲ, ਅਸੀਂ ਆਪਣੀਆਂ PSPS ਵਰਤਾਰਿਆਂ ਦੀਆਂ ਗਾਹਕ ਸਚੇਤਨਾਵਾਂ ਨੂੰ ਅਪਡੇਟ ਕਰ ਰਹੇ ਹਾਂ ਤਾਂ ਜੋ ਵਦੇਰੇ ਜਲਦੀ ਜਾਣਕਾਰੀ ਦੇ ਸਕੀਏ – ਜਿਸ ਵਿੱਚ ਸ਼ਾਮਲ ਹਨ ਬਿਜਲੀ ਸਪਲਾਈ ਬੰਦ ਰਹਿਣ ਦਾ ਅਨੁਮਾਨਿਤ ਸਮਾਂ ਅਤੇ ਬਿਜਲੀ ਮੁੜ-ਬਹਾਲ ਕੀਤੇ ਜਾਣ ਦਾ ਅਨੁਮਾਨਿਤ ਸਮਾਂ।

PG&E ਮੈਡੀਕਲ ਬੇਸਲਾਈਨ ਪ੍ਰੋਗਰਾਮ ਵਿੱਚ ਦਰਜ ਗਾਹਕਾਂ ਤਾਈਂ ਵੱਖ ਤੋਂ ਪਹੁੰਚ ਕਰੇਗੀ, ਉਹਨਾਂ ਸਮੇਤ ਜੋ ਅਪਾਰਟਮੈਂਟਾਂ ਜਾਂ ਟ੍ਰੇਲਰ ਘਰਾਂ ਵਿੱਚ ਰਹਿੰਦੇ ਹਨ।

## ਤੁਸੀਂ ਤਿਆਰੀ ਕਰਨ ਲਈ ਕੀ ਕਰ ਸਕਦੇ ਹੋ?

ਜਨਤਕ ਸਲਾਮਤੀ ਲਈ ਬਿਜਲੀ ਕੱਟਾਂ ਵਾਸਤੇ ਤਿਆਰੀ ਕਰਨ ਵਿੱਚ ਮਦਦ ਲਈ, ਇੱਥੇ ਕੁਝ ਚੀਜ਼ਾਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ 'ਤੇ ਤੁਸੀਂ ਵਿਚਾਰ ਕਰ ਸਕਦੇ ਹੋ:

- pge.com/mywildfirealerts 'ਤੇ ਜਾ ਕੇ ਜਾਂ 1-866-743-6589 'ਤੇ ਕਾਲ ਕਰਕੇ ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰੋ,
- ਡਾਕਟਰੀ ਜ਼ਰੂਰਤਾਂ ਲਈ ਯੋਜਨਾ ਬਣਾਓ,
- ਆਪਣੀ ਸੰਕਟਕਾਲ ਕਿਟ ਬਣਾਓ ਜਾਂ ਉਸ ਨੂੰ ਦੁਬਾਰਾ ਤੋਂ ਭਰੋ ਅਤੇ
- ਅਤੇ ਜੇਕਰ ਤੁਹਾਨੂੰ ਬਿਜਲੀ ਦੇ ਕੱਟ ਦੇ ਦੌਰਾਨ ਵਾਧੂ ਮਦਦ ਦੀ ਲੋੜ ਹੈ, ਤਾਂ ਡਾਕਟਰੀ ਅਤੇ ਸੁਤੰਤਰ ਜੀਵਨ ਦੀਆਂ ਜ਼ਰੂਰਤਾਂ ਦੇ ਲਈ ਬਿਜਲੀ ਦੇ ਨਿਰਭਰ ਕਰਨ ਵਾਲੇ ਗਾਹਕਾਂ ਦੇ ਲਈ ਸਰੋਤਾਂ ਦੇ ਬਾਰੇ ਜਾਣਨ ਵਾਸਤੇ pge.com/disabilityandaging ਵਿਖੇ ਜਾਓ।

PG&E ਆਪਣੇ ਗਾਹਕਾਂ ਨੂੰ ਸੁਰੱਖਿਆ ਕਾਰਵਾਈ ਕੇਂਦਰ ਵਿਖੇ ਜਾਣ ਲਈ ਵੀ ਉਤਸ਼ਾਹਤ ਕਰਦੀ ਹੈ, ਜਿੱਥੇ ਉਹ ਜੰਗਲੀ ਅੱਗ ਨਾਲ ਜੁੜੇ ਜੋਖਮਾਂ ਬਾਰੇ ਮੁੱਲਵਾਨ ਜਾਣਕਾਰੀ ਸਿੱਖ ਸਕਣ ਅਤੇ ਪਤਾ ਕਰ ਸਕਣ ਕਿ ਲੋਕ ਆਪਣੇ ਘਰ, ਪਰਿਵਾਰ ਜਾਂ ਕਾਰੋਬਾਰ ਨੂੰ ਸਲਾਮਤ ਰੱਖਣ ਲਈ ਕੀ ਕਰ ਸਕਦੇ ਹਨ, ਅਤੇ ਕੀ ਕਰਨਾ ਚਾਹੀਦਾ ਹੈ।

PG&E ਦੇ ਜੰਗਲੀ ਅੱਗ ਦੇ ਸੁਰੱਖਿਆ ਉਪਰਾਲਿਆਂ ਅਤੇ ਅਸੀਂ ਜਿਨ੍ਹਾਂ ਤਰੀਕਿਆਂ ਨਾਲ ਜਨਤਕ ਸਲਾਮਤੀ ਲਈ ਬਿਜਲੀ ਕੱਟਾਂ ਵਿੱਚ ਸੁਧਾਰ ਕਰ ਰਹੇ ਹਾਂ, ਦੇ ਬਾਰੇ ਨਵੀਨਤਮ ਜਾਣਕਾਰੀ ਲਈ ਦੇਖੋ pge.com/wildfiresafety.

## ਕੋਵਿਡ-19 ਸਕ੍ਰਿਪਟ

ਜਿਵੇਂ ਕਿ ਕੋਵਿਡ-19 ਨੇ ਸਮਾਜ ਦੇ ਸਾਰੇ ਹਿੱਸਿਆਂ ਨੂੰ ਪ੍ਰਭਾਵਿਤ ਕੀਤਾ ਹੈ, PG&E ਦਾ ਧਿਆਨ ਸਾਡੇ ਗਾਹਕਾਂ ਅਤੇ ਸਾਡੇ ਕਰਮਚਾਰੀਆਂ ਦੋਨਾਂ ਦੀ ਸਲਾਮਤੀ ਅਤੇ ਸਿਹਤ 'ਤੇ ਰਹਿਣਾ ਜਾਰੀ ਹੈ। ਅਸੀਂ ਸੁਰੱਖਿਅਤ ਦੂਰੀ ਬਣਾਉਣ ਦੇ ਨਿਯਮਾਂ ਦਾ ਪਾਲਣ ਕਰਦੇ ਹੋਏ ਜ਼ਮੀਨੀ ਪੱਧਰ 'ਤੇ ਲਾਜ਼ਮੀ ਕੰਮ ਕਰ ਰਹੇ ਹਾਂ ਕਿਉਂਕਿ ਅਸੀਂ ਲਾਈਟਾਂ ਚਾਲੂ ਰੱਖਣ ਦੀ ਮਹੱਤਤਾ ਨੂੰ ਸਮਝਦੇ ਹਾਂ ਖਾਸ ਕਰਕੇ ਜਦੋਂ ਸਾਡਾ ਭਾਈਚਾਰਾ ਘਰੇ ਰਹਿ ਰਿਹਾ ਹੈ। ਅਤੇ ਅਸੀਂ ਕੋਵਿਡ-19 ਮਹਾਂਮਾਰੀ ਅਤੇ ਭਿਆਨਕ ਜੰਗਲੀ ਅੱਗ ਦੇ ਖ਼ਤਰੇ ਦੋਨਾਂ ਦੇ ਹੀ ਪ੍ਰਭਾਵ ਨਾਲ ਨਜਿੱਠਣ ਲਈ ਦ੍ਰਿੜ ਹਾਂ। ਸਾਡਾ ਸਭ ਤੋਂ ਮਹੱਤਵਪੂਰਨ ਟੀਚਾ ਹੈ ਜਨਤਕ ਸਲਾਮਤੀ ਨੂੰ ਯਕੀਨੀ ਬਣਾਉਣਾ। ਅਸੀਂ ਕੋਵਿਡ-19 ਦੇ ਦੌਰਾਨ ਜੋ ਲੋੜੀਂਦੇ ਸੁਰੱਖਿਆ ਕਾਰਜ ਕਰ ਰਹੇ ਹਾਂ, ਉਸ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ pge.com/covid19 ਵਿਖੇ ਜਾਓ।